Alberta

News release

# ਬਜਟ 2023: ਅਲਬਰਟਾ ਵਾਸੀਆਂ, ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣਾ

ਫ਼ਰਵਰੀ 28, 2023

## ਬਜਟ 2023 ਪੁਲੀਸ ਸੇਵਾਵਾਂ, ਅਤੇ ਮੁੜ ਰਾਜ਼ੀ ਹੋਣ ਉੱਪਰ ਅਧਾਰਤ ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਆਦਤ ਦੇ ਉਪਚਾਰ ਵਿਕਲਪਾਂ ਵਿੱਚ ਵਾਧਾ ਕਰ ਕੇ ਅਲਬਰਟਾ ਵਾਸੀਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਤ ਕਰਦਾ ਹੈ।

ਇਹ ਬਜਟ 2023-24 ਵਿੱਚ ਪਬਲਿਕ ਸਕਿਉਰਿਟੀ ਲਈ $709 ਮਿਲੀਅਨ ਮੁਹੱਈਆ ਕਰਦਾ ਹੈ, ਪਿਛਲੇ ਸਾਲ ਦੇ ਬਜਟ ਨਾਲੋਂ $84 ਮਿਲੀਅਨ ਵੱਧ। ਇਸ ਨਾਲ ਮਿਊਂਸਿਪਲ ਕਮੇਟੀਆਂ ਦੀ ਅਪਰਾਧਾਂ ਨਾਲ ਨਜਿੱਠਣ ਵਿੱਚ ਮਦਦ ਕਰਨ ਲਈ ਪੁਲੀਸ ਵਿੱਚ ਵਾਧਾ ਹੋਵੇਗਾ।

“ਇਹ ਧਨ ਨਿਵੇਸ਼ ਅਲਬਰਟਾ ਵਾਸੀਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸੁਰੱਖਿਅਤ ਰੱਖਣ ਵਿੱਚ ਸਥਾਨਕ ਹੱਲ ਲੱਭਣਗੇ,” ਸਰਕਾਰ ਦੇ ਪਬਲਿਕ ਸੇਫ਼ਟੀ ਅਤੇ ਐਮਰਜੈਂਸੀ ਸੇਵਾਵਾਂ ਦੇ ਮੰਤਰੀ ਮਾਈਕ ਐਲਿਸ ਨੇ ਕਿਹਾ।

2023-24 ਵਿੱਚ $94 ਮਿਲੀਅਨ ਦਾ ਨਿਵੇਸ਼ ਨਸ਼ੇ ਦੀਆਂ ਆਦਤਾਂ ਦੇ ਸੰਕਟ ਨਾਲ ਨਜਿੱਠਣ ਲਈ ਸੇਵਾਵਾਂ ਅਤੇ ਥਾਵਾਂ ਵਿੱਚ ਵਾਧਾ ਕਰੇਗਾ, ਐਡਮੰਨਟਨ ਅਤੇ ਕੈਲਗਰੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

2023-24 ਵਿੱਚ ਹੋਰ $12.5 ਮਿਲੀਅਨ ਨਾਲ ਜੇਲ੍ਹਾਂ ਵਿੱਚ ਬੰਦ ਵਿਅਕਤੀਆਂ ਨੂੰ ਮੁੜ ਅਰੋਗ ਕਰਨ ਲਈ ਉਪਚਾਰਾਂ ਦੀਆਂ ਸਹੂਲਤਾ ਵਿੱਚ ਵਾਧਾ ਕੀਤਾ ਜਾਵੇਗਾ। ਇਸ ਦਾ ਮੰਤਵ ਵਾਰ-ਵਾਰ ਹੋਣ ਵਾਲੇ ਜੁਰਮਾਂ ਨੂੰ ਘਟਾਉਣਾ ਅਤੇ ਕਮਿਊਨਿਟੀਆਂ ਨੂੰ ਸੁਰੱਖਿਅਤ ਰੱਖਣਾ ਹੈ, ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਮਾਨਸਿਕ ਸਿਹਤ ਅਤੇ ਨਸ਼ੇ ਦੀ ਆਦਤ ਸਿਹਤ-ਸੰਭਾਲ ਦੇ ਮੁੱਦੇ ਹਨ।

ਅਤੇ, ਤਿੰਨ ਸਾਲਾਂ ਦੇ ਸਮੇਂ ਵਿੱਚ $20 ਮਿਲੀਅਨ ਮਨੁੱਖੀ ਤਸਕਰੀ ਦਾ ਸ਼ਿਕਾਰ ਹੋਏ ਅਤੇ ਉਸ ਵਿੱਚੋਂ ਬਚ ਨਿੱਕਲੇ ਵਿਅਕਤੀਆਂ ਦੀ ਬਿਹਤਰ ਸੁਰੱਖਿਆ ਅਤੇ ਮਦਦ ਕਰਨ ਲਈ ਵਰਤੇ ਜਾਣਗੇ, ਇਸ ਮਕਸਦ ਲਈ ਵਿਸ਼ੇਸ਼ ਸੇਵਾਵਾਂ ਤੀਕ ਉਹਨਾਂ ਦੀ ਪਹੁੰਚ ਵਿੱਚ ਵਾਧਾ ਕੀਤਾ ਜਾਵੇਗਾ। ਅਲਬਰਟਾ ਆਫ਼ਿਸ ਟੂ ਕੌਮਬੈਟ ਟਰੈਫ਼ਿਕਿੰਗ ਇਨ ਪਰਸਨਜ਼ (ਮਨੁੱਖੀ

### ਸੰਬੰਧਤ ਜਾਣਕਾਰੀ

Alberta.ca/Budget

### ਮੀਡੀਆ ਪੁੱਛ-ਗਿੱਛ

Charlotte Taillon
charlotte.taillon@gov.ab.ca
780-932-5381
Press Secretary, Treasury Board and Finance

ਤਸਕਰੀ ਵਿਰੁੱਧ ਅਲਬਰਟਾ ਦਫ਼ਤਰ) ਵੀ ਸਥਾਪਤ ਕੀਤਾ ਜਾਵੇਗਾ।

“ਬਜਟ 2023 ਮਜ਼ਬੂਤ ਪੁਲੀਸ ਸੇਵਾਵਾਂ, ਸਮਾਜਿਕ ਸੇਵਾਵਾਂ ਅਤੇ ਐਮਰਜੈਂਸੀ ਉੱਤਰਦਾਤਾਵਾਂ ਦੇ ਸਮਰਥਨ ਨਾਲ ਸੁਰੱਖਿਅਤ ਕਮਿਉਨਿਟੀਆਂ (ਭਾਈਚਾਰੇ) ਸਥਾਪਤ ਕਰਨ ਵਿੱਚ ਮਦਦ ਕਰਦਾ ਹੈ,” ਅਲਬਰਟਾ ਸਰਕਾਰ ਦੇ ਵਿੱਤ ਮੰਤਰੀ ਟਰੈਵਿਸ ਟੋਅਜ਼ ਨੇ ਕਿਹਾ।